PUNJABI

# ਲਾਭ ਅਤੇ ਮੁਆਵਜ਼ੇ
## ਕਾਰ ਹਾਦਸਿਆਂ ਦੇ ਸ਼ਿਕਾਰ ਲੋਕਾਂ ਲਈ



## ਹਾਦਸਾ ਲਾਭ

- ਆਮਦਨ ਲਾਭ ਜੋ ਕੁੱਲ ਆਮਦਨ ਦੇ 70% ਦੇ ਬਰਾਬਰ ਹੋਵੇ, ਅਤੇ ਵੱਧ ਤੋਂ ਵੱਧ $400 ਪ੍ਰਤੀ ਹਫ਼ਤਾ
- ਜੇ ਬੇਰੁਜ਼ਗਾਰ ਹੋਵੇ - ਤਾਂ $185 ਪ੍ਰਤੀ ਹਫ਼ਤਾ ਜੋ 6 ਮਹੀਨਿਆਂ ਬਾਅਦ ਅਦਾ ਕੀਤਾ ਜਾਏਗਾ

## ਇਕ ਤਬਾਹ ਕਰਨ ਵਾਲੀ ਸੱਟ (Catastrophic Injury) ਕੀ ਹੈ?

- ਸਰੀਰ ਦੇ ਹੇਠਲੇ ਹਿੱਸੇ ਦਾ ਅਧਰੰਗ (ਝੋਲਾ ਹੋਣਾ) ਜਾਂ ਚਾਰੋ ਪਾਸਿਆਂ ਦਾ ਅਧਰੰਗ ਹੋਣਾ
- ਇਕ ਬਾਂਹ ਜਾਂ ਲੱਤ ਦਾ ਨਕਾਰਾ ਹੋ ਜਾਣਾ
- ਦੋਹਾਂ ਅੱਖਾਂ ਤੋਂ ਨਜ਼ਰ ਚਲੀ ਜਾਣੀ
- ਦਿਮਾਗ ਵਿਚ ਨੁਕਸ ਪੈਣਾ, ਜੋ ਗਲਾਸਗੋ ਕੋਮਾ ਸਕੇਲ (Glasgow Coma Scale) ਤੇ 9 ਜਾਂ ਇਸਤੋਂ ਘੱਟ ਦਰਜੇ ਦਾ ਹੋਵੇ
- ਦਿਮਾਗ ਵਿਚ ਨੁਕਸ ਪੈਣਾ, ਜੋ ਗਲਾਸਗੋ ਆਉਟਕਮ ਸਕੇਲ (Glasgow Outcome Scale) ਤੇ 2 ਜਾਂ 3 ਦਰਜੇ ਦਾ ਹੋਵੇ
- ਏ ਐਮ ਏ ਗਾਈਡਸ (AMA Guides) ਤਹਿਤ ਵਿਅਕਤੀ ਦੇ ਪੂਰੇ ਸਰੀਰ ਵਿਚ 55% ਨੁਕਸਾਨ ਪਹੁੰਚਣਾ
- ਏ ਐਮ ਏ ਗਾਈਡਸ (AMA Guides) ਤਹਿਤ ਮਾਨਸਿਕ ਜਾਂ ਵਰਤਾਉ ਸਬੰਧੀ ਵਿਗਾੜ ਕਾਰਨ 4 ਜਾਂ 5 ਸ਼ਰੇਣੀ ਦਾ ਨੁਕਸਾਨ ਪਹੁੰਚਣਾ
- 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਵਿਸ਼ੇਸ਼ ਮੁਆਵਜ਼ੇ ਤੇ ਵਿਚਾਰ

## ਜੇ ਤਬਾਹ ਕਰਨ ਵਾਲੀਆਂ ਸੱਟਾਂ ਲਗੀਆਂ ਹੋਣ :

- ਜੀਵਨ ਭਰ ਲਈ ਮੈਡੀਕਲ ਸਹਾਇਤਾ ਅਤੇ ਮੁੜ ਸਥਾਪਿਤ ਹੋਣ ਲਈ ਵੱਧ ਤੋਂ ਵੱਧ $1,000,000 ਦੀ ਰਕਮ
- ਜੀਵਨ ਭਰ ਲਈ ਅਟੈਂਡੈਂਟ ਵੱਲੋਂ ਦੇਖਭਾਲ ਲਈ ਵੱਧ ਤੋਂ ਵੱਧ $1,000,000 ਦੀ ਰਕਮ
- ਜੀਵਨ ਭਰ ਲਈ ਘਰ ਦੇ ਪ੍ਰਬੰਧ/ਘਰ ਚਲਾਉਣ ਲਈ $100 ਪ੍ਰਤੀ ਹਫ਼ਤਾ
- ਇਕ ਕੇਸ ਮੈਨੇਜਰ ਦੀਆਂ ਸੇਵਾਵਾਂ
- ਮੁਲਾਕਾਤੀਆਂ ਦੇ ਹਸਪਤਾਲ ਜਾਣ ਦਾ ਖਰਚਾ
- ਪੜ੍ਹਾਈ ਦਾ ਨੁਕਸਾਨ ਹੋਣ ਦਾ ਖਰਚਾ
- ਹਾਦਸੇ ਵਿਚ ਨਸ਼ਟ ਹੋਈਆਂ ਨਿੱਜੀ ਵਸਤਾਂ ਤੇ ਹੋਏ ਖਰਚੇ ਨੂੰ ਮੁੜ ਵਸੂਲ ਕਰਨਾ
- ਜੇ ਦੇਖਭਾਲ ਪ੍ਰਦਾਤਾ – ਦੇਖਭਾਲ ਕਰਨੀ ਜਾਰੀ ਰੱਖਣ ਲਈ ਹੋਏ ਖਰਚੇ ਲਈ $250 ਪ੍ਰਤੀ ਹਫ਼ਤਾ,ਅਤੇ ਇਸਤੋਂ ਇਲਾਵਾ ਹਰ ਵਾਧੂ ਵਿਅਕਤੀ ਲਈ $50 ਪ੍ਰਤੀ ਹਫ਼ਤਾ

## ਜੇ ਸੱਟਾਂ ਤਬਾਹ ਕਰਨ ਵਾਲੀਆਂ ਨਹੀਂ :

- 10 ਸਾਲਾਂ ਲਈ ਮੈਡੀਕਲ ਅਤੇ ਮੁੜ ਸਥਾਪਿਤ ਹੋਣ ਲਈ ਵੱਧ ਤੋਂ ਵੱਧ $50,000 ਦੀ ਰਕਮ
- 2 ਸਾਲਾਂ ਲਈ ਅਟੈਂਡੈਂਟ ਵੱਲੋਂ ਦੇਖਭਾਲ ਕਰਵਾਉਣ ਲਈ ਵੱਧ ਤੋਂ ਵੱਧ $36,000 ਦੀ ਰਕਮ
- ਆਪਣੇ ਨਜ਼ਦੀਕੀ ਪਰਿਵਾਰ ਦੇ ਮੈਂਬਰਾਂ ਦਾ ਹਸਪਤਾਲ ਜਾਣ ਦਾ ਖਰਚ
- ਹਾਦਸੇ ਵਿਚ ਨਸ਼ਟ ਹੋਈਆਂ ਨਿੱਜੀ ਵਸਤਾਂ ਤੇ ਹੋਏ ਖਰਚੇ ਨੂੰ ਮੁੜ ਵਸੂਲ ਕਰਨਾ

## ਮੌਤ ਹੋਣ ਦੀ ਸਥਿਤੀ ਵਿਚ :

- ਪਤੀ/ਪਤਨੀ ਲਈ $25,000
- ਮ੍ਰਿਤਕ ਤੇ ਨਿਰਭਰ ਹਰ ਵਿਅਕਤੀ ਨੂੰ $10,000
- ਅੰਤਮ ਸੰਸਕਾਰ ਦੇ ਖਰਚੇ ਲਈ ਵੱਧ ਤੋਂ ਵੱਧ $6,000

75 YEARS
THOMSON ROGERS
LAWYERS

# ਲਾਭ ਅਤੇ ਮੁਆਵਜ਼ੇ
## *ਕਾਰ ਹਾਦਸਿਆਂ ਦੇ ਸ਼ਿਕਾਰ ਲੋਕਾਂ ਲਈ*

## ਡਰਾਈਵਰ ਦੇ ਕਸੂਰਵਾਰ ਹੋਣ ਖਿਲਾਫ ਕਲੇਮ (ਦਾਅਵੇ)

- "ਦਰਦ ਅਤੇ ਤਕਲੀਫ" ਦਾ ਕਲੇਮ ਕਰਨ ਲਈ – ਲਗੀ ਹੋਈ ਸੱਟ ਦਾ "ਸਥਾਈ ਅਤੇ ਗੰਭੀਰ" ਹੋਣਾ ਜ਼ਰੂਰੀ ਹੈ ਅਤੇ ਉਸ ਵਿਚੋਂ $30,000 ਦੀ ਕਟੌਤੀ ਕੀਤੀ ਜਾ ਸਕਦੀ ਹੈ, ਪਰ ਜੇ ਅਦਾਲਤੀ ਫੈਸਲਾ (ਅਵਾਰਡ) $100,000 ਤੋਂ ਵੱਧ ਰਕਮ ਦਾ ਹੋਏਗਾ ਤਾਂ ਇਹ ਕਟੌਤੀ ਨਹੀਂ ਕੀਤੀ ਜਾ ਸਕਦੀ
- ਆਮਦਨੀ ਦੇ ਘਾਟੇ ਲਈ ਕਲੇਮ – ਮੁਕੱਦਮੇ ਤੋਂ ਪਹਿਲਾਂ ਸ਼ੁਧ ਆਮਦਨ ਦਾ 80% ਅਤੇ ਮੁਕੱਦਮੇ ਤੋਂ ਬਾਅਦ ਕੁੱਲ ਆਮਦਨ ਦਾ 100%
- ਕਮਾਈ ਕਰਨ ਦੀ ਸਮਰੱਥਾ ਦੇ ਹੋਏ ਨੁਕਸਾਨ ਲਈ ਕਲੇਮ
- ਉਪਰਲੇ ਜੇਬ (ਮੁੜ ਪ੍ਰਾਪਤ ਨ ਹੋਣ ਵਾਲੇ) ਖਰਚਿਆਂ ਲਈ ਕਲੇਮ
- ਪਰਿਵਾਰ ਦੇ ਮੈਂਬਰਾਂ ਲਈ ਕਲੇਮ – ਜਿਨ੍ਹਾਂ ਵਿਚ $15,000 ਦੀ ਕਟੌਤੀ ਕੀਤੀ ਜਾ ਸਕਦੀ ਹੈ, ਪਰ ਜੇ ਅਦਾਲਤੀ ਫੈਸਲਾ $50,000 ਦਾ ਹੋਏ ਤਾਂ ਇਹ ਕਟੌਤੀ ਨਹੀਂ ਕੀਤੀ ਜਾ ਸਕਦੀ
- ਪਰਿਵਾਰਾਂ ਦੇ ਮੈਂਬਰ ਦੀ ਮੌਤ ਹੋਣ ਤੇ ਕਲੇਮ
- ਮੈਡੀਕਲ ਅਤੇ ਮੁੜ ਸਥਾਪਿਤ ਹੋਣ ਲਈ ਹੋਏ ਵਾਧੂ ਖਰਚਿਆਂ ਲਈ ਕਲੇਮ

## ਕਾਰ ਹਾਦਸਿਆਂ ਲਈ ਸਮੇਂ ਸੀਮਾਵਾਂ

*ਨੋਟ: ਇਸ ਗੱਲ ਦੀ ਜੋਰਦਾਰ ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਆਪਣੇ ਬੀਮਾਕਰਤਾ ਜਾਂ ਤੁਹਾਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਧਿਰਾਂ ਨੂੰ ।ਕਲੇਮ ਬਾਰੇ ਸੂਚਿਤ ਕਰਨ ਤੋਂ ਪਹਿਲਾਂ ਨਿੱਜੀ ਸੱਟਾਂ ਬਾਰੇ ਇਕ ਸਪੈਸ਼ਲਿਸਟ (ਵਿਸ਼ੇਸ਼ੱਗ) ਵਕੀਲ ਕੋਲੋਂ ਮੁਫ਼ਤ ਕਾਨੂੰਨੀ ਸਲਾਹ ਮਸ਼ਵਰਾ ਲਉ।*

### *ਕਾਰ ਹਾਦਸਿਆਂ – ਹਾਦਸਿਆਂ ਸਬੰਧੀ ਲਾਭ*

- ਹਾਦਸੇ ਦੇ 7 ਦਿਨਾਂ ਦੇ ਅੰਦਰ ਆਪਣੇ ਬੀਮਾਕਰਤਾ ਨੂੰ ਸੂਚਿਤ ਕਰੋ
- ਰਸੀਦ ਮਿਲਣ ਦੇ ਬਾਅਦ 30 ਦਿਨਾਂ ਦੇ ਅੰਦਰ ਲਾਭਾਂ ਲਈ ਅਰਜ਼ੀ ਦੇ ਦਿਉ
- ਜੇ ਕਿਸੇ ਵੀ ਲਾਭ ਨੂੰ ਦੇਣ ਤੋਂ ਤੁਹਾਨੂੰ ਇਨਕਾਰ ਕੀਤਾ ਜਾਂਦਾ ਹੈ ਤਾਂ ਇਨਕਾਰ ਦੇ 2 ਸਾਲ ਦੇ ਅੰਦਰ ਉਸ ਲਾਭ ਬਾਰੇ ਸਮਝੌਤਾ ਕਰਨ ਲਈ ਗੱਲਬਾਤ ਕਰੋ

### *ਕਾਰ ਹਾਦਸਿਆਂ – ਕਸੂਰਵਾਰ ਡਰਾਈਵਰ ਖਿਲਾਫ ਕਲੇਮ*

- ਹਾਦਸਾ ਹੋਣ ਦੇ ਬਾਅਦ 120 ਦਿਨਾਂ ਦੇ ਅੰਦਰ ਮੁਕੱਦਮਾ ਕਰਨ ਦੇ ਇਰਾਦੇ ਦਾ ਲਿਖਤੀ ਰੂਪ ਵਿਚ ਨੋਟਿਸ ਦਿਉ
- ਹਾਦਸਾ ਹੋਣ ਦੇ ਬਾਅਦ 2 ਸਾਲ ਦੇ ਅੰਦਰ ਮੁਕੱਦਮਾ ਸ਼ੁਰੂ ਕਰ ਦਿਉ

### *ਹੋਰ ਸਮੇਂ ਸੀਮਾਵਾਂ*

- ਸਟਰੀਟਕਾਰ, ਟਰੇਨ ਜਾਂ ਸਬਵੇ ਨਾਲ ਹੋਏ ਹਾਦਸੇ – ਹਾਦਸਾ ਹੋਣ ਦੇ 2 ਸਾਲਾਂ ਦੇ ਅੰਦਰ ਦਾਅਵਾ ਕਰੋ
- ਸੜ੍ਹਕ ਤੇ ਤਿਲਕਣ ਹੋਣ ਜਾਂ ਸੜ੍ਹਕ ਦੀ ਮੁਰੰਮਤ ਨਾ ਹੋਣ ਕਾਰਨ ਹੋਏ ਕਾਰ ਹਾਦਸੇ
- ਸੂਬਾਈ (ਪ੍ਰੋਵਿਨਸ਼ਿਅਲ) ਸੜ੍ਹਕ – ਹਾਦਸਾ ਹੋਣ ਦੇ ਬਾਅਦ 2 ਸਾਲ ਦੇ ਅੰਦਰ
- ਮਿਊਨਿਸਿਪਲ ਸੜ੍ਹਕ – 10 ਦਿਨਾਂ ਦੇ ਅੰਦਰ ਲਿਖਤ ਨੋਟਿਸ, ਹਾਦਸਾ ਹੋਣ ਦੇ ਬਾਅਦ 2 ਸਾਲਾਂ ਦੇ ਅੰਦਰ ਦਾਅਵਾ ਕਰੋ

## ਆਪਣਾ ਵਕੀਲ ਕਿਸ ਤਰ੍ਹਾਂ ਚੁਣੋ

- ਯਕੀਨੀ ਕਰੋ ਕਿ ਵਕੀਲ 100% ਨਿੱਜੀ ਸੱਟਾਂ ਬਾਰੇ ਮੁਕੱਦਮਿਆਂ ਦੀ ਵਕਾਲਤ ਕਰਦਾ ਹੈ
- ਵਕੀਲ ਨੂੰ ਸ਼ੁਰੂਆਤੀ ਸਲਾਹ ਮਸ਼ਵਰਾ ਮੁਫ਼ਤ ਦੇਣਾ ਚਾਹੀਦਾ ਹੈ
- ਕਾਰ ਹਾਦਸਿਆਂ ਬਾਰੇ ਵਕੀਲ ਮੁਕੱਦਮੇ ਦੌਰਾਨ ਕਿਸੇ ਪੇਸ਼ਗੀ ਫੀਸ ਜਾਂ ਰਕਮ ਨਹੀਂ ਮੰਗਦੇ, ਅਤੇ ਮੁਕੱਦਮੇ ਦੇ ਅਖ਼ੀਰ ਤਕ ਆਪਣੇ ਭੁਗਤਾਨ ਲਈ ਉਡੀਕਦੇ ਹਨ
- ਹਾਦਸੇ ਸਬੰਧੀ ਲਾਭਾਂ ਲਈ ਕਲੇਮਾਂ (ਦਾਅਵਿਆਂ) ਸਮੇਤ, ਵਕੀਲ ਕੇਸ ਦੇ ਸਭ ਪਹਿਲੂਆਂ ਲਈ ਨਿੱਜੀ ਤੌਰ ਤੇ ਜ਼ਿੰਮੇਵਾਰ ਹੋਵੇ
- ਵਕੀਲ ਨੂੰ ਮੁੜ ਵਸਣ (ਸਥਾਪਿਤ) ਹੋਣ ਬਾਰੇ ਮਾਹਿਰਾਂ ਦੀ ਇਕ ਟੀਮ ਲੱਭਣ ਬਾਰੇ ਜਾਣਕਾਰੀ ਹੋਵੇ
- ਵਕੀਲ ਇਕ ਵੱਡੀ ਲਾਅ ਫ਼ਰਮ, ਜਿਸਦੇ ਅਹਿਮ ਮਾਲੀ ਸਾਧਨ ਹਨ, ਦਾ ਮੈਂਬਰ ਹੋਵੇ

**ਤੁਹਾਡਾ ਫਾਇਦਾ,**
*ਅਦਾਲਤ ਦੇ ਅੰਦਰ ਅਤੇ ਬਾਹਰ।*

75 YEARS
THOMSON ROGERS
LAWYERS

ਟੋਲ ਫ੍ਰੀ (ਮੁਫ਼ਤ): **1.888.223.0448** ਟੈਲੀਫ਼ੋਨ: **416.868.3100** ਵੈਬਸਾਈਟ: **www.thomsonrogers.com**